# BUDHA DAL PUBLIC SCHOOL PATIALA
## First Term Examination (6 September 2024)
**Class - VII**
**Paper - Punjabi**
**Set - B**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਜਲੰਧਰ ਪੰਜਾਬ ਦਾ ਇੱਕ ਪ੍ਰਸਿੱਧ ਜ਼ਿਲ੍ਹਾ ਹੈ। ਇਹ ਪੰਜਾਬ ਦਾ ਮਹਾਂਨਗਰ ਅਖਵਾਉਂਦਾ ਹੈ। ਇਹ ਅੰਮ੍ਰਿਤਸਰ ਤੋਂ ਲੁਧਿਆਣਾ ਨੂੰ ਜਾਂਦੀ ਜੀ.ਟੀ. ਰੋਡ 'ਤੇ ਸਥਿਤ ਹੈ। ਇਹ ਖੇਡਾਂ ਦਾ ਸਾਮਾਨ ਬਣਾਉਣ ਲਈ ਬਹੁਤ ਪ੍ਰਸਿੱਧ ਹੈ। ਇੱਥੋਂ ਦੇ ਬਣੇ ਕ੍ਰਿਕੇਟ ਬੈਟ ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਹਨ। ਇਹ ਸਿੱਖਿਆ ਦਾ ਕੇਂਦਰ ਹੈ। ਇੱਥੇ ਅਨੇਕਾਂ ਹੀ ਸਰਕਾਰੀ ਅਤੇ ਪ੍ਰਾਈਵੇਟ ਸਕੂਲ-ਕਾਲਜ ਹਨ। ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਵਿੱਚ ਦੇਸ਼-ਵਿਦੇਸ਼ ਤੋਂ ਵਿਦਿਆਰਥੀ ਚੱਲ ਕੇ ਪੜ੍ਹਨ ਲਈ ਆਉਂਦੇ ਹਨ। ਇੱਥੇ ਬਹੁਤ ਸਾਰੇ ਹਸਪਤਾਲ ਹਨ, ਜਿੱਥੇ ਵਧੀਆ ਤੋਂ ਵਧੀਆ ਇਲਾਜ ਕੀਤਾ ਜਾਂਦਾ ਹੈ। ਇਸ ਦੀਆਂ ਨਵੀਆਂ ਵੱਸੀਆਂ ਕਲੋਨੀਆਂ ਚੰਡੀਗੜ੍ਹ ਸ਼ਹਿਰ ਨੂੰ ਵੀ ਮਾਤ ਪਾਉਂਦੀਆਂ ਹਨ। ਇੱਥੇ ਇੱਕ ਬਹੁਤ ਸੁੰਦਰ ਰੇਲਵੇ-ਸਟੇਸ਼ਨ ਹੈ। ਇੱਥੋਂ ਦੇ ਬੱਸ-ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਇੱਥੋਂ ਦਾ ਦੇਵੀ ਤਲਾਬ ਮੰਦਰ ਖ਼ੂਬਸੂਰਤੀ ਪੱਖੋਂ ਮੰਨਿਆ ਹੋਇਆ ਹੈ। ਇੱਥੇ ਸੋਡਲ ਦਾ ਭਾਰੀ ਮੇਲਾ ਲਗਦਾ ਹੈ।

ੳ) ਜਲੰਧਰ ਕਿਹੜੀ ਸੜਕ 'ਤੇ ਸਥਿਤ ਹੈ?
ਅ) ਜਲੰਧਰ ਦੀ ਕਿਹੜੀ ਬਣੀ ਚੀਜ਼ ਦੇਸ਼-ਵਿਦੇਸ਼ ਵਿੱਚ ਪ੍ਰਸਿੱਧ ਹੈ?
ੲ) ਜਲੰਧਰ ਵਿੱਚ ਬਣੀ ਯੂਨੀਵਰਸਿਟੀ ਦਾ ਨਾਂ ਦੱਸੋ।
ਸ) ਜਲੰਧਰ ਦੇ ਬੱਸ-ਅੱਡੇ ਦਾ ਨਾਂ ਕਿਸ ਦੇ ਨਾਂ 'ਤੇ ਰੱਖਿਆ ਗਿਆ ਹੈ?
ਹ) ਉਪਰੋਕਤ ਦਿੱਤੇ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਪਾਠ ਪੁਸਤਕਾਂ ਤੇ ਅਧਾਰਿਤ**

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ।** (4)



## ਵਿਆਕਰਨ

1) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (2)
ਸ਼ੀਸ਼ਾ, ਬੋਰੀ, ਸੜਕ, ਕੋਠੀ

2) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)
ਉਪ, ਸਮ

3) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)
ਸਾਰ, ਆਈ

4) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (2)
ੳ) ਜੋ ਕਦੇ ਬੁੱਢਾ ਨਾ ਹੋਵੇ - ਅ) ਜਿਹੜੇ ਇਕੋ ਉਮਰ ਦੇ ਹੋਣ -

5) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2)
ਅਪਮਾਨ, ਸੁੰਦਰ

6) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)
ਪੈਹਲਾ, ਦ੍ਰਿਸ਼ਟਿ, ਪਵਿੱਤ੍ਰ, ਅਉਖਾ

7) ਹੇਠ ਲਿਖੇ ਅਖਾਣ ਪੂਰੇ ਕਰੋ: (2)
ੳ) ਅੰਨਾ ਵੰਡੇ ਰਿਉੜੀਆਂ .................... ਅ) ................ ਲੰਕਾ ਢਾਹੇ।

8) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (4)
ੳ) ਉਂਨ ਲਾਉਣੀ ਅ) ਅੱਖਾਂ ਵਿੱਚ ਘੱਟਾ ਪਾਉਣਾ
ੲ) ਈਦ ਦਾ ਚੰਨ ਹੋਣਾ ਸ) ਹੱਥ ਪੈਰ ਮਾਰਨੇ

9) ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖ ਕੇ ਦੋ-ਦੋ ਵਾਕ ਬਣਾਉ: (4)
ਅੱਲਾ, ਉੱਤਰ

10) ਹੇਠ ਲਿਖੇ ਵਾਕਾਂ ਵਿੱਚੋਂ ਕਾਲ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (2)
ੳ) ਰਮਨ ਪਾਠ ਪੜ੍ਹਦਾ ਹੈ। ਅ) ਬੱਚੇ ਲੋਹੜੀ ਮੰਗ ਰਹੇ ਸਨ।

11) ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (2)
ੳ) ਰਾਹੁਲ ਦੌੜ ਰਿਹਾ ਹੈ।
ਅ) ਜੱਟ ਖੇਤ ਵਿੱਚ ਫ਼ਸਲ ਕੱਟ ਰਿਹਾ ਹੈ।

12) ਹੇਠ ਲਿਖੇ ਵਾਕਾਂ ਵਿੱਚੋਂ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ: (1)
ਰਾਮੂ ਤੈਨੂੰ ਰੋਟੀ ਪਕਾਉਣ ਨੂੰ ਕਿੰਨਾ ਕੁ ਸਮਾਂ ਲੱਗੇਗਾ

## ਪਾਠ - ਪੁਸਤਕ 'ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) ਕਵੀ ਕਿਸ ਚੀਜ਼ ਦੇ ਹੱਥੋਂ ਕਿਰ ਜਾਣ ਦੀ ਗੱਲ ਕਰਦਾ ਹੈ?

ਅ) ਰਾਜੇ ਨੇ ਕਿਹੜਾ ਭੇਸ ਬਣਾਇਆ?

ੲ) ਸ੍ਰੀ ਗੁਰੂ ਨਾਨਕ ਦੇਵ ਜੀ ਜਿੱਥੇ ਆਪਣੇ ਪਰਿਵਾਰ ਸਮੇਤ ਰਹਿੰਦੇ ਸਨ, ਉੱਥੇ ਕਿਹੜਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ?

ਸ) ਰੂਬੀ ਕੌਣ ਸੀ?

ਹ) ਟਰਾਂਸਫਾਰਮਰ ਕਿਉਂ ਖ਼ਰਾਬ ਸੀ?

ਕ) ਪਾਪਾ ਕੀ ਕਰ ਰਹੇ ਸਨ?

ਖ) ਕਵੀ ਆਪਣੇ-ਆਪ ਨੂੰ ਕਿਵੇਂ ਪੇਸ਼ ਕਰਦਾ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਰਾਜੇ ਨੂੰ ਆਪਣੀ ਮਜ਼ਦੂਰੀ ਵਿੱਚ ਕੀ ਮਿਲਿਆ?

ਅ) ਸੁਲਤਾਨਪੁਰ ਲੋਧੀ ਵਿਖੇ ਕਿਹੜੇ-ਕਿਹੜੇ ਗੁਰਦੁਆਰੇ ਸਥਿਤ ਹਨ?

ੲ) ਕਵੀ ਆਪਣੇ-ਆਪ ਨੂੰ ਬੁਜ਼ਦਿਲ ਕਿਉਂ ਸਮਝਦਾ ਹੈ?

ਸ) ਪਾਣੀ ਦੀ ਸਮੱਸਿਆ ਦਾ ਬਿਜਲੀ ਮੁਲਾਜ਼ਮਾਂ ਦੀ ਹੜਤਾਲ ਨਾਲ ਕੀ ਸੰਬੰਧ ਹੈ?

ਹ) ਅਮਨ ਦੀ ਨਿਤਾਪ੍ਰਤੀ ਕਿਵੇਂ ਦੀ ਸੀ?

ਕ) ਰੂਬੀ ਦੀ ਡਿਗਰੀ ਪੂਰੀ ਹੋ ਜਾਣ ਤੇ ਉਹ ਕਿੱਥੇ ਜਾ ਰਹੀ ਸੀ? ਉਸਦੇ ਜਾਣ ਸਮੇਂ ਰੂਬੀ ਤੇ ਅਮਨ ਵਿੱਚ ਜੋ ਗੱਲਬਾਤ ਹੋਈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**3) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (5)

ਭਰੋਸਾ, ਖਜ਼ਾਨਾ, ਤੀਰਥ-ਅਸਥਾਨ, ਕਾਇਰ, ਪ੍ਰਬੰਧ

**4) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2)

ੳ) "ਕੀ ਐਨੀ ਗੱਲ ਥੋੜ੍ਹੀ ਹੈ? ਇੱਥੇ ਪਾਣੀ ਦੀ ਬੂੰਦ-ਬੂੰਦ ਤੋਂ ਤਰਸ ਰਹੇ ਹਾਂ ਤੇ ਤੁਹਾਨੂੰ ਹਾਸਾ ਸੁੱਝ ਰਿਹਾ ਹੈ।"

ਅ) "ਇਹ ਫੁੱਲ ਮੈਂ ਟਹਿਣੀ ਤੋਂ ਨਹੀਂ ਤੋੜੇ, ਇਹ ਨਕਲੀ ਹਨ ਪਰ ਲੱਗਦੇ ਸੱਚ-ਮੁੱਚ ਦੇ ਹਨ।"

**5) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** (3)

ਔਖੀ ਮੁਸ਼ਕਲ ਘੜੀ ਜੇ ਹੋਵੇ,
ਐਵੇਂ ਨਾ ਘਬਰਾ।
ਵਕਤ ਜੋ ਤੇਰੇ ਕੋਲ ਉਸ ਨੂੰ
ਚੰਗੇ ਪਾਸੇ ਲਾ।
ਸਬਰ, ਸ਼ੁਕਰ, ਸੰਤੋਖ, ਭਰੋਸਾ
ਮੁਸ਼ਕਲ ਜਾਣੀ ਟਲ।
ਵਕਤ-ਵਕਤ ਦੀ ਗੱਲ।

ੳ) ਇਹ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ? ਇਸ ਦੇ ਕਵੀ ਦਾ ਨਾਂ ਦੱਸੋ।

ਅ) ਮਨੁੱਖ ਨੂੰ ਕਿਹੜੀ ਘੜੀ ਵਿੱਚ ਨਹੀਂ ਘਬਰਾਉਣਾ ਚਾਹੀਦਾ?

ੲ) 'ਸੰਤੋਖ' ਸ਼ਬਦ ਦਾ ਅਰਥ ਦੱਸੋ।

## ਲਿਖਣ-ਕੌਸ਼ਲ

**1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (10)

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਨੁਕਤੇ -

ਜਾਣ-ਪਛਾਣ, ਜਨਮ ਅਤੇ ਬਚਪਨ, ਅਨੰਦਪੁਰ ਸਾਹਿਬ ਆਉਣਾ, ਪਿਤਾ ਜੀ ਦੀ ਕੁਰਬਾਨੀ, ਜੰਗੀ ਤਿਆਰੀਆਂ, ਖਾਲਸਾ ਪੰਥ ਦੀ ਸਾਜਨਾ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਖਿਦਰਾਣੇ ਦੀ ਲੜਾਈ, ਬੰਦਾ ਬਹਾਦਰ ਨੂੰ ਪੰਜਾਬ ਭੇਜਣਾ, ਜੋਤੀ-ਜੋਤ ਸਮਾਉਣਾ।

**ਜਾਂ**

**ਪੜ੍ਹਾਈ ਵਿੱਚ ਖੇਡਾਂ ਦਾ ਸਥਾਨ**

ਨੁਕਤੇ -

ਭੂਮਿਕਾ, ਖੇਡਾਂ ਅਤੇ ਸਿਹਤ, ਖੇਡਾਂ ਅਤੇ ਮਾਨਸਿਕ ਸਿਹਤ, ਚੰਗੇ ਆਚਰਨ ਦੀ ਉਸਾਰੀ, ਮਨ-ਪਰਚਾਵੇ ਦਾ ਸਾਧਨ, ਸਾਰੰਸ਼।

**2) ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਇੱਕ ਪੱਤਰ ਲਿਖੋ।** (8)

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਜੀ ਨੂੰ ਜੁਰਮਾਨਾ ਮਾਫ਼ੀ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਪਿਤਾ ਜੀ ਨੂੰ ਚਿੱਠੀ ਲਿਖ ਕੇ ਦੱਸੋ ਕਿ ਤੁਹਾਡੇ ਇਮਤਿਹਾਨ ਕਿਸ ਤਰ੍ਹਾਂ ਦੇ ਹੋਏ ਹਨ।